# ਜ਼ਹਿਰ ਚ ਭਿੱਜਾ ਪੰਜਾਬ

ਚੰਡੀਗੜ੍ਹ ਦੇ ਪੀ ਜੀ ਆਈ ਦੇ ਖੋਜ ਦੇ ਅਦਾਰੇ ਨੇ ਆਪਣੀ ਇਕ ਦੋ ਸਾਲ ਦੀ ਖੋਜ ਮਗਰੋਂ ਪੰਜਾਬ ਦੀ ਜ਼ਮੀਨ, ਪਾਣੀ ਅਤੇ ਹੋਰ ਪ੍ਰਦੂਸ਼ਣ ਬਾਰੇ ਭਿਆਨਕ ਨਤੀਜੇ ਪੇਸ਼ ਕੀਤੇ ਹਨ। ਇਸ ਖੋਜ ਮੁਤਾਬਿਕ 88 ਫੀ ਸਦੀ ਪਾਣੀ ਦੇ ਨਮੂਨਿਆਂ ਵਿਚ ਪਾਰਾ ਸੀ ਅਤੇ 50 ਫੀ ਸਦੀ ਨਮੂਨਿਆਂ ਵਿਚ ਸੰਖੀਆ ਸੀ।

ਭਿੰਡੀਆਂ, ਗੋਭੀ, ਮਿਰਚਾਂ ਅਤੇ ਹੋਰਨਾਂ ਤਾਜ਼ੀਆਂ ਸਬਜ਼ੀਆਂ ਵਿਚ ਸਿੱਕਾ, ਪਾਰਾ, ਸੰਖੀਆ ਅਤੇ ਹੋਰ ਜ਼ਹਿਰੀਲੇ ਪਦਾਰਥ ਲੱਭੇ ਗਏ। ਜਾਨਵਰਾਂ ਦੇ ਚਾਰੇ, ਸਬਜ਼ੀਆਂ, ਦੁੱਧ ਅਤੇ ਖ਼ੂਨ ਦੇ ਨਮੂਨਿਆਂ ਵਿਚ ਫਸਲਾਂ ਵਿਚ ਪਾਉਣ ਵਾਲੀਆਂ ਕੀੜੇ ਮਾਰਨ ਵਾਲੀਆਂ ਦੁਆਈਆਂ ਮਿਲੀਆਂ।

65 ਫੀ ਸਦੀ ਲਏ ਗਏ ਖ਼ੂਨ ਦੇ ਨਮੂਨਿਆਂ ਚ ਡੀ ਐਨ ਏ ਵਿਚ ਇਨ੍ਹਾਂ ਜ਼ਹਿਰਾਂ ਕਰਕੇ ਤਬਦੀਲੀ ਹੋ ਚੁੱਕੀ ਸੀ। ਕੈਂਸਰ, ਗੁਰਦਿਆਂ ਦੀ ਬਿਮਾਰੀ, ਜਿਗਰ ਦੀ ਬਿਮਾਰੀ ਅਤੇ ਹੋਰ ਕਈ ਬਿਮਾਰੀਆਂ ਇਨ੍ਹਾਂ ਜ਼ਹਿਰਾਂ ਕਰਕੇ ਤੇਜ਼ੀ ਨਾਲ ਵੱਧ ਗਈਆਂ ਹਨ। ਲੋਕਾਂ ਦੀ ਸਿਹਤ ਨੂੰ ਇਹ ਖ਼ਤਰਾ, ਧਰਤੀ ਅਤੇ ਪਾਣੀ ਵਿਚ ਇਹ ਜ਼ਹਿਰ, ਫਸਲਾਂ  ਲਈ ਪਾਈ ਜਾਂਦੀਆਂ ਦੁਆਈਆਂ ਅਤੇ ਫੈਕਟਰੀਆਂ ਚੋਂ ਨਿਕਲਿਆ ਹੋਇਆ ਜ਼ਹਿਰ ਹੈ ਜੋ ਦਰਿਆਵਾਂ ਅਤੇ ਜ਼ਮੀਨ ਚ ਸੁੱਟ ਦਿੱਤਾ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਪੰਜਾਬ ਦਾ ਰਕਬਾ ਹਿੰਦੁਸਤਾਨ ਦੇ ਰਕਬੇ ਦਾ ਸਿਰਫ਼ ਢਾਈ ਫੀ ਸਦੀ ਹੈ ਪਰ ਹਿੰਦੁਸਤਾਨ ਵਿਚ ਖੇਤੀ ਲਈ ਇਸਤੇਮਾਲ ਕੀਤੇ ਜਾਂਦੇ ਜ਼ਹਿਰੀਲੇ ਪਦਾਰਥਾਂ ਦਾ ੧੮ਫੀ ਸਦੀ ਹਿੱਸਾ ਪੰਜਾਬ ਦੀ ਜ਼ਮੀਨ ਚ ਇਸਤੇਮਾਲ ਕੀਤਾ ਜਾਂਦਾ ਹੈ।

ਪੀ ਜੀ ਆਈ ਦੀ ਇਹ ਖੋਜ ਦੀ ਰਿਪੋਰਟ ਕੋਈ ਪਹਿਲੀ ਰਿਪੋਰਟ ਨਹੀਂ ਹੈ ਇਸ ਤੋਂ ਪਹਿਲਾਂ ਵੀ ਕਈ ਖੋਜ ਰਿਪੋਰਟਾਂ ਨੇ ਪੰਜਾਬ ਦੇ ਪ੍ਰਦੂਸ਼ਣ ਬਾਰੇ ਅਤੇ ਜ਼ਮੀਨ ਅਤੇ ਪਾਣੀ ਵਿਚ ਜ਼ਹਿਰ ਕਰਕੇ ਲੋਕਾਂ ਚ ਵੱਧ ਰਹੀਆਂ ਮਾਰੂ ਬਿਮਾਰੀਆਂ ਬਾਰੇ ਸਰਕਾਰ ਨੂੰ ਦੱਸਿਆ ਹੈ ਪਰ ਨਾ ਤਾਂ ਕੇਂਦਰੀ ਸਰਕਾਰ ਅਤੇ ਨਾ ਹੀ ਪੰਜਾਬ ਸਰਕਾਰ ਨੇ ਇਸ ਮਸਲੇ ਤੇ ਕੁਝ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਦੇ ਮੰਤਰੀ, ਅਫਸਰ ਅਤੇ ਮੁਦੱਬਰ ਬਲਕਿ ਲੋਕਾਂ ਤੇ ਹੀ ਉਲਟਾ ਦੋਸ਼ ਲਾ ਰਹੇ ਹਨ ਅਤੇ ਕਹਿ ਰਹੇ ਹਨ ਕਿ ਕਿਸਾਨ ਜ਼ਰੂਰਤ ਤੋਂ ਜ਼ਿਆਦਾ ਦੁਆਈਆਂ ਖੇਤੀ ਲਈ ਵਰਤਦੇ ਹਨ ਅਤੇ ਇਸ ਕਰਕੇ ਇਹ ਮਸਲਾ ਬਣਿਆ ਹੈ। ਉਹ ਉਲਟਾ ਲੋਕਾਂ ਨੂੰ ਹੀ ਕਸੂਰਵਾਰ ਠਹਿਰਾਉਂਦੇ ਹਨ।

ਅਸਲੀਅਤ ਇਹ ਹੈ ਕਿ ਕੇਂਦਰੀ ਸਰਕਾਰ, ਪੰਜਾਬ ਸਰਕਾਰ ਅਤੇ ਯੂਨੀਵਰਸਟੀਆਂ ਦੇ ਪ੍ਰੋਫੈਸਰਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਹਰੇ ਇਨਕਲਾਬ ਦੇ ਨਾਅਰੇ ਹੇਠ ਜ਼ਮੀਨ ਅਤੇ ਪਾਣੀ ਵਿਚ ਜ਼ਹਿਰ ਫੈਲਾਉਣ ਤੇ ਮਜਬੂਰ ਕੀਤਾ। ਇਨ੍ਹਾਂ ਜ਼ਹਿਰੀਲੀ ਦੁਆਈਆਂ ਦੇ ਬੁਰੇ ਅਸਰਾਂ ਬਾਰੇ ਹੋਰਨਾਂ ਮੁਲਕਾਂ ਦਾ ਤਜਰਬਾ ਮੌਜੂਦ ਸੀ। ਪਰ ਇਹ ਦੁਆਈਆਂ ਬਣਾਉਣ ਵਾਲੀਆਂ ਕੰਪਨੀਆਂ ਇਹ ਜ਼ਹਿਰੀਲੀ ਦੁਆਈਆਂ ਪੰਜਾਬ ਅਤੇ ਹਿੰਦੁਸਤਾਨ ਵਿਚ ਵੇਚਣਾ ਚਾਹੁੰਦੀਆਂ ਸੀ। ਕੇਂਦਰੀ ਸਰਕਾਰ ਅਤੇ ਪੰਜਾਬ ਸਰਕਾਰ ਇਨ੍ਹਾਂ ਕੰਪਨੀਆਂ ਦਾ ਪੱਖ ਪੂਰਦੀਆਂ ਹਨ। ਇਸ ਲਈ ਸਰਕਾਰ ਦੇ ਕਿਸੇ ਅਦਾਰੇ ਜਾਂ ਯੂਨੀਵਰਸਟੀ ਦੀ ਖੋਜ ਕਰਨ ਵਾਲੇ ਅਦਾਰਿਆਂ ਨੇ ਇਨ੍ਹਾਂ ਕੰਪਨੀਆਂ ਵਲੋਂ ਬਣਾਈ ਜਾਣ ਵਾਲੀ ਦੁਆਈਆਂ ਦੇ ਅਸਰ ਦੀ ਦੂਜਿਆਂ ਮੁਲਕਾਂ ਵਿਚ ਪਹਿਲਾਂ ਕੀਤੀ ਹੋਈ ਖੋਜ ਵੱਲ ਕੋਈ ਤਵੱਜੋ ਨਹੀਂ ਦਿੱਤੀ। ਇਨ੍ਹਾਂ ਕੰਪਨੀਆਂ ਨੂੰ ਆਪਣੇ ਮੁਨਾਫ਼ੇ ਹੀ ਵਧਾਉਣ ਦੀ ਹੈ ਅਤੇ ਸਰਕਾਰ ਉਨ੍ਹਾਂ ਦੀ ਹੱਥ-ਠੋਕਾ ਹੈ। ਕੰਪਨੀਆਂ ਅਤੇ ਸਰਕਾਰਾਂ ਨੇ ਮਿਲ ਜੁੱਲ ਕੇ ਪੰਜਾਬ ਦੀ ਧਰਤੀ ਨੂੰ ਜ਼ਹਿਰ ਵਿਚ ਭਿੰਉ ਦਿੱਤਾ ਹੈ।

ਇਹ ਗੱਲ ਸਾਫ਼ ਹੈ ਕਿ ਸਰਕਾਰ ਅਤੇ ਉਸਦੇ ਕਿਸੇ ਵੀ ਅਦਾਰੇ ਨੇ ਇਸ ਮਸਲੇ ਬਾਰੇ ਕੁਝ ਵੀ ਨਹੀਂ ਕਰਨਾ। ਦੱਸਿਆ ਜਾਂਦਾ ਹੈ ਕਿ ਜਦੋਂ ਇਸ ਖੋਜ ਦੀ ਰਿਪੋਰਟ ਬਾਰੇ ਸਰਕਾਰ ਨੂੰ ਪਤਾ ਚੱਲਿਆ ਤਾਂ ਸਰਕਾਰ ਨੇ ਇਸ ਰਿਪੋਰਟ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਇਸ ਲਈ ਲੋਕਾਂ ਨੂੰ ਆਪ ਹੀ ਉੱਦਮ ਕਰਨਾ ਪੈਣਾ ਹੈ। ਲੋਕਾਂ ਨੂੰ ਇਕੱਠੇ ਹੋਕੇ ਮੰਗ ਕਰਨੀ ਚਾਹੀਦੀ ਹੈ ਕਿ ਸਰਕਾਰ ਦੇ ਮੰਤਰੀ, ਅਫਸਰ, ਕੰਪਨੀਆਂ ਅਤੇ ਯੂਨੀਵਰਸਟੀਆਂ ਦੇ ਉਹ ਮੁਦੱਬਰ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਅਤੇ ਪਾਣੀ ਵਿਚ ਜ਼ਹਿਰ ਮਿਲਾਉਣ ਦਾ ਫੈਸਲਾ ਕੀਤਾ ਸੀ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ।

ਇਸ ਦੇ ਨਾਲ ਹੀ ਲੋਕਾਂ ਨੂੰ ਇਕੱਠੇ ਹੋਕੇ ਪ੍ਰਦੂਸ਼ਣ ਅਤੇ ਜ਼ਹਿਰ ਦਾ ਇਲਾਜ ਕਰਨ ਲਈ ਉੱਦਮ ਕਰਨ ਦੀ ਲੋੜ ਹੈ। ਕਈ ਥਾਵਾਂ ਤੇ ਲੋਕ ਆਪਣੀ ਹਿੰਮਤ ਅਤੇ ਤਾਕਤ ਨਾਲ ਪ੍ਰਦੂਸ਼ਣ ਦੇ ਮਸਲੇ ਨਾਲ ਨਜਿੱਠ ਰਹੇ ਹਨ। ਉਨ੍ਹਾਂ ਨੂੰ ਆਪ ਹੀ ਹਾਕਮ ਬਣਨ ਦੀ ਲੋੜ ਹੈ ਤਾਂ ਕਿ ਸਰਕਾਰ ਉਨ੍ਹਾਂ ਦੇ ਹੱਥ ਵਿਚ ਹੋਵੇਗੀ ਤਾਂ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਵਿਚ ਮਦਦ ਕਰੇਗੀ। ਪੰਜਾਬ ਦੀ ਧਰਤੀ ਅਤੇ ਪਾਣੀ ਦਾ ਜ਼ਹਿਰ ਅਤੇ ਪ੍ਰਦੂਸ਼ਣ ਖ਼ਤਮ ਕੀਤਾ ਜਾ ਸਕਦਾ ਹੈ। ਪਰ ਨਾਂ ਤਾਂ ਕੇਂਦਰੀ ਸਰਕਾਰ, ਨਾਂ ਹੀ ਪੰਜਾਬ ਸਰਕਾਰ ਅਤੇ ਨਾਂ ਹੀ ਉਹ ਕੰਪਨੀਆਂ ਜਿਨ੍ਹਾਂ ਦੀ ਦੁਆਈਆਂ ਨੇ ਇਹ ਜ਼ਹਿਰ ਫੈਲਾਇਆ ਹੈ, ਇਹ ਕੰਮ ਕਰਨ ਵਿਚ ਦਿਲਚਸਪੀ ਰਖਦੇ ਹਨ। ਇਹ ਤਾਂ ਲੋਕਾਂ ਨੂੰ ਹੀ ਆਪ ਕਰਨਾ ਪੈਣਾ ਹੈ।